بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 27.01.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਰ ਕੰਮ ਦੇ ਉਚੱਤਮ ਸਿੱਟਿਆਂ ਲਈ ਇਕਸਾਰਤਾ ਸ਼ਰਤ ਹੈ

**ਜ਼ੈਲੀ ਤੰਜ਼ੀਮਾ (ਅਧੀਨ ਵਿਵਸਥਾ) ਅਤੇ ਜਮਾਤੀ ਨਿਜ਼ਾਮ ਵੀ ਆਪਣੇ ਕੰਮ ਅਤੇ ਵਿਸ਼ੇਸ਼ ਤੌਰ'ਤੇ ਉਹ ਕੰਮ ਜਿਸ ਨੂੰ ਰੱਬ ਨੇ ਸਾਡੇ ਪੈਦਾ ਹੋਣ ਦਾ ਉਦੇਸ਼ ਕਰਾਰ ਦਿੱਤਾ ਹੈ, ਇਸ ਵਿੱਚ ਅਜਿਹੀ ਵਿਉਂਤਬੰਦੀ ਕਰਨ ਕਿ ਸਮੇਂ ਦੇ ਨਾਲ ਸੁਸਤੀ ਤੇ ਕਮਜ਼ੋਰੀ ਦੀ ਥਾਂ ਹਰ ਇਕ ਦਿਨ ਤਰੱਕੀ ਵੱਲ ਲੈ ਜਾਣ ਵਾਲਾ ਹੋਵੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਜਨਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਨਮਾਜ਼ਾਂ ਦੀ ਮਹਤੱਾ ਅਤੇ ਉਹਨਾਂ ਦੀ ਅਦਾਇਗੀ ਵੱਲ ਧਿਆਨ ਦੁਆਇਆ ਸੀ । ਕਈ ਲੋਕਾਂ ਦੇ ਵਿਅਕਤੀਗੱਤ ਪਤੱਰ ਮੈਂਨੂੰ ਆਏ ਅਤੇ ਆਪਣੀਆਂ ਸੁਸਤੀਆਂ ਉਪੱਰ ਸ਼ਰਮਿੰਦਾ ਹੋਣ ਦਾ ਪ੍ਰਗਟਾਵਾ ਕੀਤਾ । ਕਈ ਥਾਵਾਂ ਤੋਂ ਜਮਾਤੀ ਨਿਜ਼ਾਮ (ਵਿਵਸਥਾ) ਤੇ ਜ਼ੈਲੀ ਤੰਜ਼ੀਮਾ ਦੇ ਪਤੱਰ ਆਏ ਕਿ ਵਾਸਤਵ ਵਿੱਚ ਇਸ ਮਾਮਲੇ ਵਿੱਚ ਸੁਸਤੀ ਹੈ । ਭਵਿੱਖ ਵਿੱਚ ਇਸ ਬਾਰੇ ਵਿਸ਼ੇਸ਼ ਠੋਸ ਪ੍ਰੋਗਰਾਮ ਬਣਾ ਰਹੇ ਹਨ ਅਤੇ ਇਹ ਵੀ ਕਿ ਭਵਿੱਖ ਵਿੱਚ ਇੰਸ਼ਾਅਲੱਾਹ ਭਰਪੂਰ ਜਤਨ ਕਰਨਗੇ ਕਿ ਸੁਸਤੀਆਂ ਦੂਰ ਹੋਣ । ਰੱਬ ਇਹਨਾਂ ਸਾਰਿਆਂ ਨੂੰ ਤੌਫ਼ੀਕ ਪ੍ਰਦਾਨ ਕਰੇ ਅਤੇ ਸਾਡੀਆਂ ਮਸਜਿਦਾਂ ਵਾਸਤਵ ਵਿੱਚ ਅਬਾਦੀ ਦੇ ਭਰਪੂਰ ਦ੍ਰਿਸ਼ ਪੇਸ਼ ਕਰਨ ਵਾਲੀਆਂ ਹੋਣ, ਪਰ ਪ੍ਰਬੰਧਕੀ ਨੂੰ ਇਹ ਹਮੇਸ਼ਾ ਚੇਤਾ ਰਖੱਣਾ ਚਾਹੀਦਾ ਹੈ ਕਿ ਹਰ ਕੰਮ ਦੇ ਉਚੱਤਮ ਸਿੱਟਿਆਂ ਲਈ ਇਕਸਾਰਤਾ ਅਤਿ ਜ਼ਰੂਰੀ ਹੈ । ਸ਼ੁਰੂ ਵਿੱਚ ਤਾਂ ਸਾਡੇ ਵਿੱਚੋਂ ਅਨੇਕਾਂ ਹੀ ਅਜਿਹੇ ਹਨ ਜੋ ਬਹੁਤ ਚਾਅ ਤੇ ਜੋਸ਼ ਨਾਲ ਕੰਮ ਅਰੰਭ ਕਰਦੇ ਹਨ ਪਰ ਕੁਝ ਸਮੇਂ ਬਾਦ ਸੁਸਤੀ ਪੈਣੀ ਅਰੰਭ ਹੋ ਜਾਂਦੀ ਹੈ । ਇਹ ਮਨੁੱਖੀ ਸੁਭਾਅ ਵੀ ਹੈ । ਲੋਕਾਂ ਵਿੱਚ ਸੁਸਤੀ ਪੈਣੀ ਐਨ੍ਹੇ ਖ਼ਤਰਨਾਕ ਸਿੱਟੇ ਪੈਦਾ ਨਹੀਂ ਕਰਦੀ ਭਾਵੇਂ ਕਿ ਇਹ ਵੀ ਬਹੁਤ ਚਿੰਤਾ ਵਾਲੀ ਗੱਲ ਹੈ ਪਰ ਨਿਜ਼ਾਮ (ਵਿਵਸਥਾ) ਵਿੱਚ ਸੁਸਤੀ ਪੈਣੀ ਤਾਂ ਅਤਿਅੰਤ ਖ਼ਤਰਨਾਕ ਹੈ, ਜੇਕਰ ਲੋਕਾਂ ਨੂੰ ਧਿਆਨ ਦੁਆਉਣ ਵਾਲਾ ਨਿਜ਼ਾਮ ਹੀ ਸੁਸਤ ਹੋ ਜਾਵੇ ਜਾਂ ਆਪਣੇ ਕੰਮ ਵਿੱਚ ਬੇ ਧਿਆਨੀ ਦਿਖਾਉਂਣ ਲੱਗ ਜਾਣ ਤਾਂ ਫ਼ਿਰ ਲੋਕਾਂ ਦਾ ਸੁਧਾਰ ਵੀ ਮੁਸ਼ਕਲ ਹੋ ਜਾਂਦਾ ਹੈ ।

ਸੋ, ਜ਼ੈਲੀ ਤੰਜ਼ੀਮਾ ਵੀ ਅਤੇ ਜਮਾਤੀ ਨਿਜ਼ਾਮ ਵੀ ਆਪਣੇ ਕੰਮ ਅਤੇ ਵਿਸ਼ੇਸ਼ ਰੂਪ ਵਿੱਚ ਉਹ ਕੰਮ ਜਿਸ ਨੂੰ ਰੱਬ ਨੇ ਸਾਡੇ ਪੈਦਾ ਹੋਣ ਦਾ ਮੰਤਵ ਕਰਾਰ ਦਿਤੱਾ ਹੈ ਇਸ ਵਿੱਚ ਅਜਿਹੀ ਵਿਉਂਤਬੰਦੀ ਕਰਨ ਅਤੇ ਅਜਿਹਾ ਪ੍ਰੋਗਰਾਮ ਬਨਾਉਣ ਕਿ ਸਮੇਂ ਦੇ ਨਾਲ ਸੁਸਤੀ ਅਤੇ ਕਮਜ਼ੋਰੀ ਦੀ ਥਾਂ ਹਰ ਦਿਨ ਤਰੱਕੀ ਵੱਲ ਲੈ ਜਾਣ ਵਾਲਾ ਹੋਵੇ । ਸਾਡੀਆਂ ਇਬਾਦਤਾਂ ਦੀ ਤਰੱਕੀ ਹੀ ਸਾਨੂੰ ਸਫ਼ਲਤਾਵਾਂ ਵੱਲ ਲੈ ਜਾਣ ਵਾਲੀਆਂ ਹਨ । ਸੋ, ਇਹ ਬਹੁਤ ਹੀ ਮਹਤੱਵਪੂਰਨ ਚੀਜ਼ ਹੈ । ਸਾਰੇ ਨਿਜ਼ਾਮ ਨੂੰ ਇਸ ਬਾਰੇ ਬਹੁਤ ਗੰਭੀਰ ਹੋਣ ਦੀ ਲੋੜ ਹੈ । ਲਜਨਾ ਇਮਾਇਲੱਾਹ ਨੂੰ ਵੀ ਇਸ ਬਾਰੇ ਆਪਣਾ ਕਿਰਦਾਰ ਨਿਭਾਉਂਣਾ ਚਾਹੀਦਾ ਹੈ । ਬੱਚਿਆਂ ਦੀ ਨਮਾਜ਼ਾਂ ਦੀ ਘਰਾਂ ਵਿੱਚ ਨਿਗਰਾਨੀ ਕਰਨੀ ਅਤੇ ਉਹਨਾਂ ਨੂੰ ਨਮਾਜ਼ਾਂ ਦੀ ਆਦਤ ਪਾਉਂਣੀ ਅਤੇ ਪੁਰਸ਼ਾਂ ਤੇ ਨੌਜੁਆਨਾ ਨੂੰ ਮਸਜਿਦ ਵਿੱਚ ਜਾਕੇ ਨਮਾਜ਼ ਪੜ੍ਹਨ ਬਾਰੇ ਨਿਰੰਤਰ ਧਿਆਨ ਦੁਆਉਂਦੇ ਰਹਿਣਾ ਇਹ ਇਸਤਰੀਆਂ ਦਾ ਕੰਮ ਹੈ । ਜੇਕਰ ਇਸਤਰੀਆਂ ਆਪਣਾ ਕਿਰਦਾਰ ਕਰਨ ਤਾਂ ਇਹ ਅਸਾਧਾਰਨ ਤਬਦੀਲੀ ਪੈਦਾ ਹੋ ਸਕਦੀ ਹੈ । ਇਸੇ ਪ੍ਰਕਾਰ ਮੈਂ ਏਥੇ ਅਜਿਹੇ ਲੋਕਾਂ ਦੀ ਵੀ ਦਰੁਸਤੀ ਕਰਨਾ ਚਾਹੁੰਦਾ ਹਾਂ ਜੋ ਇਹ ਕਹਿੰਦੇ ਹਨ ਕਿ ਸਾਨੂੰ ਨਮਾਜ਼ਾਂ ਬਾਰੇ ਨ ਕੁਝ ਕਹੋ ਤੇ ਨ ਕੁਝ ਪੁੱਛੋ ਕਿਉਂਕਿ ਇਹ ਸਾਡਾ ਤੇ ਰੱਬ ਦਾ ਮਾਮਲਾ ਹੈ । ਕਈ ਇਸਤਰੀਆਂ ਦੀ ਸ਼ਿਕਾਇਤ ਆਉਂਦੀ ਹੈ ਕਿ ਜੇਕਰ ਅਸੀਂ ਆਪਣੇ ਪਤੀ ਨੂੰ ਧਿਆਨ ਦੁਆਈਏ ਤਾਂ ਉਹ ਲੜਨਾ ਸ਼ੁਰੂ ਹੋ ਜਾਂਦੇ ਹਨ । ਅਜਿਹੇ ਲੋਕਾਂ ਨੂੰ ਮੈਂ ਕਹਿੰਦਾ ਹਾਂ ਕਿ ਇਹ ਬੇਸ਼ਕ ਬੰਦੇ ਤੇ ਰੱਬ ਦਾ ਮਾਮਲਾ ਹੈ ਪਰ ਧਿਆਨ ਦੁਆਉਂਣਾ ਅਤੇ ਪੁਛੱਣਾ ਨਿਜ਼ਾਮੇ ਜਮਾਤ ਦਾ ਕੰਮ ਹੈ ਇਸੇ ਪ੍ਰਕਾਰ ਪਤਨੀਆਂ ਦਾ ਵੀ ਕੰਮ ਹੈ ਸਗੋਂ ਫ਼ਰਜ਼ ਹੈ । ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਪਤਨੀ ਤੇ ਪਤੀ ਨੂੰ ਇਹ ਇਰਸ਼ਾਦ ਫ਼ਰਮਾਇਆ ਕਿ ਜੋ ਪਹਿਲਾਂ ਨਮਾਜ਼ ਲਈ ਜਾਗੇ ਉਹ ਦੂਜੇ ਨੂੰ ਨਮਾਜ਼ ਲਈ ਜਗਾਏ, ਜੇਕਰ ਨ ਜਾਗੇ ਜਾਂ ਸੁਸਤੀ ਦਿਖਾਏ ਤਾਂ ਪਾਣੀ ਦੇ ਛੱਟੇ ਮਾਰੇ । ਸੋ, ਇਹ ਵਿਚਾਰ ਗਲਤ ਹੈ ਕਿ ਅਸੀਂ ਅਜਿਹੇ ਮਾਮਲੇ ਵਿੱਚ ਅਜ਼ਾਦ ਹਨ ਸਾਡਾ ਤੇ ਰੱਬ ਦਾ ਮਾਮਲਾ ਹੈ । ਜਿਸ ਨਿਜ਼ਾਮ ਨਾਲ ਤੁਸੀਂ ਆਪਣੇ ਆਪ ਨੂੰ ਸਲੰਗਤ ਕਰ ਰਹੇ ਹੋ ਜੇਕਰ ਉਹ ਆਪਣੀ ਜਮਾਤ ਦਾ ਜਾਇਜ਼ਾ ਲੈਂਣ ਲਈ ਨਮਾਜ਼ਾ ਦੀ ਅਦਾਇਗੀ ਬਾਰੇ ਪੁੱਛਗਿੱਛ ਕਰਦਾ ਹੈ ਤਾਂ ਚਿੜਨ ਤੇ ਗੁਸੱਾ ਕਰਨ ਦੀ ਥਾਂ ਸਹਾਇਕ ਹੋਣਾ ਚਾਹੀਦਾ ਹੈ । ਬਹਿਰਹਾਲ ਹਰ ਇਕ'ਤੇ ਨਮਾਜ਼ਾਂ ਦੀ ਮਹਤੱਾ ਸਪਸ਼ਟ ਹੋਣੀ ਚਾਹੀਦੀ ਹੈ ਅਤੇ ਇਸ ਸੰਬਧੀ ਉਸਨੂੰ ਬਹੁਤ ਚੰਗੇ ਪ੍ਰਬੰਧ ਨਾਲ ਰੱਬ ਅਤੇ ਉਸ ਦੇ ਰਸੂਲ ਸਲਲੱਾਹੁ ਅਲੈਹਿ ਵਸਲਅਮ ਦੇ ਆਦੇਸ਼ ਅਨੁਸਾਰ ਅਮਲ ਕਰਨ ਦਾ ਜਤਨ ਕਰਨਾ ਚਾਹੀਦਾ ਹੈ ।

ਇਹ ਧਿਆਨ ਦੁਆਉਣ ਦੇ ਬਾਦ ਮੈਂ ਨਮਾਜ਼ਾਂ ਬਾਰੇ ਕੁਝ ਗਲੱਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨਾਂ ਦੇ ਹਵਾਲਿਆਂ ਨਾਲ ਪੇਸ਼ ਕਰਾਂਗਾ ਜੋ ਸਾਧਾਰਣ ਤੌਰ'ਤੇ ਫ਼ਿਕਹੀ (ਕਾਨੂਨੀ) ਮੁੱਦਿਆਂ ਨਾਲ ਸੰਬੰਧ ਰਖੱਦੇ ਹਨ । ਇਹਨਾਂ ਹੀ ਗਲੱਾਂ ਵਿੱਚੋਂ ਇਕ ਗੱਲ 'ਰਫ਼ਾਯਦੈਨ' ਦੀ ਹੈ ਅਰਥਾਤ ਨਮਾਜ਼ ਦੀ ਹਰ ਤਕਬੀਰ'ਤੇ ਅਤੇ ਹਰ ਹਰਕਤ ਉਪੱਰ ਹੱਥ ਉਠਾਉਂਣੇ ਅਤੇ ਕੰਨ੍ਹਾਂ ਨੂੰ ਲਾਉਂਣੇ । ਸੋ, 'ਰਫ਼ਾਯਦੈਨ' ਬਾਰੇ ਆਪ ਨੇ ਫ਼ਰਮਾਇਆ ਕਿ ਇਸ ਵਿੱਚ ਕੋਈ ਹਰਜ ਨਹੀਂ ਭਾਵੇਂ ਕੋਈ ਕਰੇ ਜਾਂ ਨ ਕਰੇ ਹਦੀਸਾਂ ਵਿੱਚ ਇਸ ਦਾ ਵਰਨਣ ਦੋਹਾਂ ਤਰੀਕਿਆਂ ਨਾਲ ਹੈ । ਇਉਂ ਲਗੱਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੇ ਕਿਸੇ ਸਮੇਂ 'ਰਫ਼ਾਯਦੈਨ' ਕੀਤਾ ਅਤੇ ਬਾਦ ਵਿੱਚ ਤਿਆਗ ਦਿਤੱਾ ।

ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਮੇਰੇ ਕੋਲ ਮੀਆਂ ਅਬਦੁਲੱਾਹ ਸਾਹਬ ਸਨੌਰੀ ਨੇ ਵਰਨਣ ਕੀਤਾ ਕਿ ਅਰੰਭ ਵਿੱਚ Nonconformist ਸੀ ਅਤੇ 'ਰਫ਼ਾਯਦੈਨ' ਤੇ ਆਮੀਨ ਉ`ਚੀ ਅਵਾਜ਼ ਵਿੱਚ ਕਹਿਣ ਦਾ ਪਾਬੰਦ ਸੀ ਅਰਥਾਤ ਉ`ਚੀ ਅਵਾਜ਼ ਵਿੱਚ ਆਮੀਨ ਕਹਿਣਾ ਅਤੇ ਹਜ਼ਰਤ ਸਾਹਬ ਨਾਲ ਮੁਲਾਕਾਤ ਦੇ ਬਾਦ ਵੀ ਮੈਂ ਇਹ ਤਰੀਕਾ ਕਿੰਨ੍ਹੇ ਸਮੇਂ ਤੱਕ ਜਾਰੀ ਰੱਖਿਆ । ਇਕ ਲੰਮੇ ਸਮੇਂ ਬਾਦ ਜੱਦ ਮੈਂ ਹਜ਼ਰਤ ਮਸੀਹ ਮੌਊਦ

ਅਲੈਹਿ ਸਲਾਮ ਦੇ ਪਿੱਛੇ ਨਮਾਜ਼ ਪੜ੍ਹੀ ਤਾਂ ਨਮਾਜ਼ ਦੇ ਬਾਦ ਆਪਨੇ ਮੈਨੂੰ ਮੁਸਕਰਾਉਂਦਿਆਂ ਫ਼ਰਮਾਇਆ ਕਿ ਮੀਆਂ ਅਬਦੁੱਲਾਹ ਹੁਣ ਤਾਂ ਇਸ ਸੁਨੱਤ ਉਪੱਰ ਬਹੁਤ ਅਮਲ ਹੋ ਚੁੱਕਿਆ ਹੈ ਅਤੇ ਸੰਕੇਤ 'ਰਫ਼ਾਯਦੈਨ' ਵੱਲ ਸੀ ਅਰਥਾਤ ਮੀਆਂ ਅਬਦੁਲੱਾਹ ਸਾਹਬ ਕਹਿੰਦੇ ਹਨ ਕਿ ਉਸ ਦਿਨ ਤੋਂ ਮੈਂ ਰਫ਼ਾਯਦੈਨ ਕਰਨਾ ਤਿਆਗ ਦਿੱਤਾ ਸਗੋਂ ਉੱਚੀ ਅਵਾਜ਼ ਵਿੱਚ ਆਮੀਨ ਕਹਿਣਾ ਵੀ ਛੱਡ ਦਿਤੱਾ ਅਤੇ ਮੀਆਂ ਅਬਦੁਲੱਾਹ ਸਾਹਬ ਵਰਨਣ ਕਰਦੇ ਹਨ ਕਿ ਮੈਂ ਹਜ਼ਰਤ ਸਾਹਬ ਨੂੰ ਕਦੇ ਵੀ ਰਫ਼ਾਯਦੈਨ ਕਰਦਿਆਂ ਜਾਂ ਉੱਚੀ ਅਵਾਜ਼ ਵਿੱਚ ਆਮੀਨ ਕਹਿੰਦਿਆਂ ਨਹੀਂ ਸੁਣਿਆ ਅਤੇ ਨ ਹੀ ਕਦੇ ਉੱਚੀ ਆਵਾਜ਼ ਵਿੱਚ ਬਿਸਮਿਲੱਾਹ ਪੜ੍ਹਦਿਆਂ ਸੁਣਿਆ । ਮਿਰਜ਼ਾ ਬਸ਼ੀਰ ਅਹਮਦ ਸਾਹਬ ਫ਼ਰਮਾਉਂਦੇ ਹਨ ਕਿ ਮੈਂ ਬਿਨਤੀ ਕਰਦਾ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹੋ ਤਰੀਕਾ ਸੀ ਜੋ ਮੀਆਂ ਅਬਦੁਲੱਾਹ ਸਾਹਬ ਨੇ ਵਰਨਣ ਕੀਤਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਰ ਅਸੀਂ ਅਹਮਦੀਆਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਵਿੱਚ ਵੀ ਅਤੇ ਆਪ ਦੇ ਬਾਦ ਅੱਜ ਤੱਕ ਵੀ ਇਹ ਤਰੀਕਾ ਰਿਹਾ ਹੈ ਕਿ ਇਹਨਾਂ ਗੱਲਾਂ ਵਿੱਚ ਕੋਈ ਇਕ ਦੂਜੇ ਦੀ ਫੜ ਨਹੀਂ ਕਰਦਾ । ਕਈ ਆਮੀਨ ਉੱਚੀ ਆਵਾਜ਼ ਵਿੱਚ ਕਹਿ ਦਿੰਦੇ ਹਨ, ਕਈ ਨਹੀਂ ਕਹਿੰਦੇ । ਕਈ ਰਫ਼ਾਯਦੈਨ ਕਰਦੇ ਹਨ ਕਈ ਨਹੀਂ ਕਰਦੇ । ਬਹੁਤੇ ਨਹੀਂ ਕਰਦੇ ਅਤੇ ਹੁਣ ਤਾਂ ਉਕੱਾ ਹੀ ਨਹੀਂ ਕੀਤਾ ਜਾਂਦਾ । ਸਿਵਾਏ ਕੁਝ ਇਕ ਦੇ ਜੋ ਬਿਲਕੁਲ ਨਵੇਂ ਆਏ ਹਨ ਅਤੇ ਇਸ ਦੇ ਆਦੀ ਹਨ ਉਹ ਵੀ ਹੌਲੀ ਹੌਲੀ ਛੱਡ ਦਿੰਦੇ ਹਨ । ਫਿਰ ਇਕ ਪ੍ਰਸ਼ਨ ਹੋਇਆ ਕਿ ਨਮਾਜ਼ ਵਿੱਚ ਹੱਥ ਬਨ੍ਹਕੇ ਜੱਦ ਖੜਾ ਹੋਣਾ ਹੈ ਤਾਂ ਉਸ ਸਮੇਂ ਹੱਥ ਕਿੱਥੇ ਬੰਨ੍ਹਿਆ ਜਾਵੇ । ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਲਿਖੱਦੇ ਹਨ ਕਿ ਮੇਰੇ ਕੋਲ ਸਯੱਦ ਮੁਹਮੱਦ ਸਰਵਰ ਸ਼ਾਹ ਸਾਹਬ ਨੇ ਵਰਨਣ ਕੀਤਾ ਕਿ ਇਕ ਵਾਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਕੋਲ ਇਕ ਪਤੱਰ ਆਇਆ ਕਿ ਕਿਉਂਕਿ ਕਈ ਲੋਕ ਨਾਭੀ (ਧੁੰਨੀ) ਤੋਂ ਹੇਠਾਂ ਹੱਥ ਬਨ੍ਹਦੇ ਹਨ, ਕਈ ਵਿਚਕਾਰ ਰਖੱਦੇ ਹਨ, ਕਈ ਬਹੁਤ ਉਪੱਰ ਰਖੱਦੇ ਹਨ । ਇਸ ਬਾਰੇ ਹਜ਼ਰਤ ਖ਼ਲੀਫ਼ਾ ਅਵੱਲ ਕੋਲ ਪਤੱਰ ਆਇਆ ਕਿ ਜੱਦ ਮਨੁੱਖ ਖੜਾ ਹੋਵੇ ਤੇ ਨਮਾਜ਼ ਦੀ ਨੀਯਤ ਕਰ ਲਏ ਤਾਂ ਉਸ ਸਮੇਂ ਹੱਥ ਕਿੱਥੇ ਬੰਨ੍ਹੇ । ਪਤੱਰ ਅਇਆ ਕਿ ਨਮਾਜ਼ ਵਿੱਚ ਨਾਭੀ ਤੋਂ ਉਪੱਰ ਹੱਥ ਬਨ੍ਹਣ ਬਾਰੇ ਕੋਈ ਸਹੀ ਹਦੀਸ ਵੀ ਮਿਲਦੀ ਹੈ । ਹਜ਼ਰਤ ਮੌਲਵੀ ਸਾਹਬ ਨੇ ਇਹ ਪਤੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਮਣੇ ਪੇਸ਼ ਕਰ ਦਿਤੱਾ ਅਤੇ ਬਨਤੀ ਕੀਤੀ ਕਿ ਇਸ ਬਾਰੇ ਜੋ ਹਦੀਸਾਂ ਮਿਲਦੀਆਂ ਹਨ ਉਹ ਜਿਰਾਹ (ਪ੍ਰਤੀਵਾਦ) ਤੋਂ ਖ਼ਾਲੀ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਆਪ ਭਾਲ ਕਰੋ ਅਵਸ਼ ਮਿਲ ਜਾਣਗੀਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਹੁੰਦਿਆਂ ਹੋਇਆਂ ਵੀ ਕਿ ਸ਼ੁਰੂ ਉਮੱਰ ਵਿੱਚ ਵੀ ਸਾਡੇ ਆਲੇ ਦੁਆਲੇ ਸਾਰੇ ਹਨਫ਼ੀ ਫਿਰਕੇ ਦੇ ਲੋਕ ਸਨ ਮੈਨੂੰ ਨਾਭੀ ਤੋਂ ਹੇਠਾਂ ਹੱਥ ਬਨ੍ਹਣਾ ਕਦੇ ਪਸੰਦ ਨਹੀਂ ਆਇਆ ਸਗੋਂ ਹਮੇਸ਼ਾਂ ਸੁਭਾਵ ਦਾ ਮਿਲਾਨ ਨਾਭੀ ਤੋਂ ਉਪੱਰ ਹੱਥ ਬਨ੍ਹਣ ਵੱਲ ਰਿਹਾ । ਅਤੇ ਅਸੀਂ ਵਾਰ ਵਾਰ ਤਜਰਬਾ ਕੀਤਾ ਹੈ ਕਿ ਜਿਸ ਗੱਲ ਵੱਲ ਸਾਡੇ ਸੁਭਾਵ ਦਾ ਮਿਲਾਨ ਹੋਵੇ ਉਹ ਭਾਲ ਕਰਨ ਨਾਲ ਅਵਸ਼ ਹੀ ਹਦੀਸ ਨਿਕਲ ਆਉਂਦੀ ਹੈ । ਸੋ, ਆਪ ਨੇ ਹਜ਼ਰਤ ਖ਼ਲੀਫ਼ਾ ਅਵੱਲ ਨੂੰ ਫ਼ਰਮਾਇਆ ਕਿ ਆਪ ਭਾਲ ਕਰੋ ਜ਼ਰੂਰ ਮਿਲ ਜਾਏਗੀ ਕਿਉਂਕਿ ਮੇਰਾ ਮਿਲਾਨ ਜਿਸ ਵੱਲ ਹੈ ਸਾਧਾਰਣਤਾ ਮੈਂ ਦੇਖਿਆ ਹੈ ਕਿ ਇਸ ਬਾਰੇ ਹਦੀਸਾਂ ਮਿਲ ਜਾਂਦੀਆਂ ਹਨ । ਮੌਲਵੀ ਸਰਵਰ ਸ਼ਾਹ ਸਾਹਬ ਵਰਨਣ ਕਰਦੇ ਹਨ ਕਿ ਇਸ'ਤੇ ਹਜ਼ਰਤ ਮੌਲਵੀ ਸਾਹਬ ਗਏ ਅਤੇ ਕੋਈ ਅਧੱਾ ਘੰਟਾ ਵੀ ਨਹੀਂ ਲੰਘਿਆ ਸੀ ਕਿ ਖ਼ੁਸ਼ੀ ਖ਼ੁਸ਼ੀ ਇਕ ਕਿਤਾਬ ਹੱਥ ਵਿੱਚ ਫੜੀ ਲੈਕੇ ਆਏ ਅਤੇ ਹਜ਼ਰਤ ਸਾਹਬ ਨੂੰ ਸੂਚਨਾ ਦਿੱਤੀ ਕਿ ਹਜ਼ੂਰ ਹਦੀਸ ਮਿਲ ਗਈ ਹੈ ਅਤੇ ਹਦੀਸ ਵੀ ਅਜਿਹੀ ਹੈ ਕਿ ਜੋ ਕਿ 'ਅਲ ਸ਼ਰਤੱਸ਼ੇਖ਼ੀਨ' ਅਰਥਾਤ ਇਸ'ਤੇ ਹਜ਼ਰਤ ਅਬੂਬਕਰ ਅਤੇ ਹਜ਼ਰਤ ਉਮਰ ਦੋਹਾਂ ਦੀ ਸਹਿਮਤੀ ਹੈ, ਜਿਸ'ਤੇ ਕੋਈ ਪ੍ਰਤੀਵਾਦ ਨਹੀਂ ਹੈ ।

ਇਕ ਵਿਅਕਤੀ ਨੇ ਪ੍ਰਸ਼ਨ ਕੀਤਾ ਕਿ ਅਤੱਹਯਾਤ' ਸਮੇਂ ਨਮਾਜ਼ ਵਿੱਚ ਸੱਜੇ ਹੱਥ ਦੀ ਤਰਜਨੀ ਕਿਉ ਉਠਾਉਂਦੇ ਹਨ ਅਰਥਾਤ ਸ਼ਹਾਦਤ ਦੀ ਉਂਗਲ, ਤਾਂ ਆਪ ਨੇ ਫ਼ਰਮਾਇਆ ਕਿ ਜਹਾਲਤ ਸਮੇਂ ਲੋਕ ਗਾਲ੍ਹਾਂ ਲਈ ਇਹ ਉਂਗਲ ਚੁੱਕਿਆ ਕਰਦੇ ਸਨ ਇਸ ਲਈ ਇਸ ਨੂੰ 'ਸਬਾਬਾ' ਕਹਿੰਦੇ ਹਨ ਅਰਥਾਤ ਗਾਲ੍ਹ ਕਢੱਣ ਵਾਲੀ ਉਂਗਲ । ਰੱਬ ਨੇ ਅਰਬ ਦੇ ਲੋਕਾਂ ਦਾ ਸੁਧਾਰ ਕੀਤਾ ਅਤੇ ਉਹ ਭੈੜੀ ਕੁਰੀਤੀ ਹਟਾਕੇ ਫ਼ਰਮਾਇਆ ਕਿ ਰੱਬ ਨੂੰ ਵਾਹਿਦ ਲਾ ਸ਼ਰੀਕ ਕਹਿੰਦੇ ਸਮੇਂ ਇਹ ਉਂਗਲ ਉਠਾਇਆ ਕਰੋ ਤਾਂ ਜੋ ਇਸ ਤੋਂ ਉਹ ਆਰੋਪ ਖ਼ਤਮ ਹੋ ਜਾਵੇ ਅਰਥਾਤ ਜੋ ਇਸ ਦਾ ਪੁਠੱਾ ਨਾਂ ਰੱਖਿਆ ਗਿਆ ਹੈ 'ਗਾਲ੍ਹਾਂ ਦੇਣ ਵਾਲੀ ਉਂਗਲ', ਇਹ ਗਾਲ੍ਹਾਂ ਦੇਣ ਵਾਲੀ ਉਂਗਲ ਨ ਰਹੇ ਸਗੋਂ ਸ਼ਹਾਦਤ' ਦੀ ਉਂਗਲ ਬਣ ਜਾਵੇ । ਅਰਬ ਦੇ ਅਜਿਹੇ ਲੋਕ ਜੋ ਪੰਜ ਸਮੇਂ ਸ਼ਰਾਬ ਪੀਂਦੇ ਸਨ ਇਸ ਦੇ ਬਦਲੇ ਪੰਜ ਸਮੇਂ ਦੀ ਨਮਾਜ਼ ਰੱਖੀ ।

ਫਿਰ ਰੁਕੂਅ ਤੇ ਸਜੱਦੇ ਵਿੱਚ ਕੁਰਆਨ ਕਰੀਮ ਦੀਆਂ ਦੁਆਵਾਂ ਕਰਨ ਬਾਰੇ ਪ੍ਰਸ਼ਨ ਹੋਇਆ, ਮੌਲਵੀ ਅਬਦੁਲ ਕਾਦਰ ਸਾਹਬ ਲੁੱਧਿਆਣਵੀ ਨੇ ਪ੍ਰਸ਼ਨ ਕੀਤਾ ਕਿ ਕੀ ਰੁਕੂਅ ਤੇ ਸਜੱਦੇ ਵਿੱਚ ਕੁਰਆਨ ਕਰੀਮ ਦੀਆਂ ਆਇਤਾਂ ਜਾਂ ਦੁਆਵਾਂ ਦਾ ਪੜ੍ਹਨਾ ਕਿਹੋ ਜਿਹਾ ਹੈ ? ਆਪ ਨੇ ਫ਼ਰਮਾਇਆ ਕਿ ਸਜੱਦਾ ਅਤੇ ਰੁਕੂਅ ਆਜਜ਼ੀ ਤੇ ਨਿਮਰਤਾ ਦਾ ਸਮਾਂ ਹੈ ਅਤੇ ਰੱਬ ਦਾ ਕਲਾਮ ਅਜ਼ਮਤ (ਸਨਮਾਨ) ਚਾਹੁੰਦਾ ਹੈ, ਇਸ ਤੋਂ ਬਿਨਾਂ ਹਦੀਸਾਂ'ਚੋਂ ਕਿਤੇ ਸਾਬਤ ਨਹੀਂ ਹੁੰਦਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਵੀ ਕਦੇ ਰੁਕੂਅ ਜਾਂ ਸਜੱਦੇ ਵਿੱਚ ਕੋਈ ਕੁਰਆਨ ਕਰੀਮ ਦੀ ਆਇਤ ਪੜ੍ਹੀ ਹੋਵੇ ।

ਹਜ਼ਰਤ ਖ਼ੀਫ਼ਾਤਤੁਲ ਮਸੀਹ ਸਾਨੀ ਰਜ਼ੀ ਅਲੱਹ ਅਨਹੁ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਕਿ ਸਜੱਦੇ ਵਿੱਚ ਕੁਰਆਨ ਕਰੀਮ ਦੀਆਂ ਆਇਤਾਂ ਦਾ ਪੜ੍ਹਨਾ ਅਣੁਚਿਤ ਕਿਉਂ ਹੈ ਜੱਦ ਕਿ ਸਜੱਦਾ ਅਤਿਅੰਤ ਵਿਨਮਰਤਾ ਦਾ ਸਥਾਨ ਹੈ । ਆਪ ਨੇ ਫ਼ਰਮਾਇਆ ਕਿ ਮੇਰਾ ਤਾਂ ਇਹੋ ਅਕੀਦਾ ਰਿਹਾ ਹੈ ਕਿ ਸਜੱਦੇ ਵਿੱਚ ਕੁਰਆਨ ਕਰੀਮ ਦੀਆਂ ਦੁਆਵਾਂ ਪੜ੍ਹਨਾ ਜਾਇਜ਼ ਹੈ ਪਰ ਬਾਦ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਅਜਿਹਾ ਹਵਾਲਾ ਮਿਲਿਆ ਜਿਸ ਵਿੱਚ ਆਪ ਨੇ ਸਜੱਦੇ ਦੀ ਹਾਲਤ ਵਿੱਚ ਕੁਰਆਨ ਕਰੀਮ ਦੀਆਂ ਦੁਆਵਾਂ ਦਾ ਪੜ੍ਹਨਾ ਅਣਉਚਿਤ ਕਰਾਰ ਦਿਤੱਾ ਹੈ ਇਸੇ ਪ੍ਰਕਾਰ ਮਸਨਦ ਬਿਨ ਹੰਬਲ ਵਿੱਚ ਵੀ ਇਸੇ ਵਿਸ਼ੇ ਦੀ ਇਕ ਹਦੀਸ ਮਿਲ ਗਈ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਇਕ ਗੱਲ ਮਿਲ ਗਈ ਤਾਂ ਫਿਰ ਇਸ ਦੇ ਵਿਰੁਧ ਤਰੀਕਾ ਅਪਨਾਉਣਾ ਠੀਕ ਨਹੀਂ ਭਾਵੇਂ ਉਹ ਸਾਡੀ ਅਕਲ ਵਿੱਚ ਨ ਹੀ ਆਵੇ , ਅਸੀਂ ਤਾਂ ਅਮਲ ਕਰਨਾ ਹੈ ਉਸ ਆਦੇਸ਼ ਅਨੁਸਾਰ ਜੋ ਆਗਿਆ ਹੈ ।

ਇਸ ਗੱਲ ਦੀ ਚਰਚਾ ਹੋਈ ਕਿ ਜੋ ਵਿਅਕਤੀ ਨਮਾਜ਼ ਬਾਜਮਾਤ ਵਿੱਚ ਆਣਕੇ ਰੁਕੂਅ ਵਿੱਚ ਸ਼ਾਮਲ ਹੋਇਆ, ਉਸ ਦੀ ਰਕਅਤ ਹੁੰਦੀ ਹੈ ਜਾਂ ਨਹੀਂ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸਾਡਾ ਵਿਸ਼ਵਾਸ ਤਾਂ ਇਹੋ ਹੈ ਕਿ 'ਲਾ ਸਲਾਤਲ ਬਿਫ਼ਾਤਿਹਾਤਿਲ ਕਿਤਾਬ' ਕਿ ਆਦਮੀ ਇਮਾਮ ਦੇ ਪਿੱਛੇ ਹੋਵੇ ਜਾਂ ਇਕਲੱਾ ਹੋਵੇ ਹਰ ਹਾਲਤ ਵਿੱਚ ਉਸ ਨੂੰ ਚਾਹੀਦਾ ਹੈ ਕਿ 'ਸੂਰਤ ਫ਼ਾਤਿਹਾ' ਪੜ੍ਹੇ, ਪਰ ਇਮਾਮ ਨੂੰ ਚਾਹੀਦਾ ਹੈ ਕਿ ਠਹਿਰ ਠਹਿਰ ਕੇ ਪੜ੍ਹੇ ਤਾਂ ਜੋ ਮੁਕਤਦੀ (ਪਿੱਛੇ ਨਮਾਜ਼ ਪੜ੍ਹਨ ਵਾਲਾ) ਸੁਣ ਵੀ ਲਏ ਅਤੇ ਆਪਣਾ ਪੜ੍ਹ ਵੀ ਲਏ, ਜਾਂ ਇਮਾਮ ਹਰ ਆਇਤ ਦੇ ਬਾਦ ਐਨ੍ਹਾ ਠਹਿਰ ਜਾਵੇ ਕਿ ਮੁਕਤਦੀ ਵੀ ਇਸ ਆਇਤ ਨੂੰ ਪੜ੍ਹ ਲਏ । ਬਹਿਰਹਾਲ ਮੁਕਤਦੀ ਨੂੰ ਇਹ ਮੌਕਾ ਦੇਣਾ ਚਾਹੀਦਾ ਹੈ ਕਿ ਉਹ ਸੁਣ ਵੀ ਲਏ ਅਤੇ ਪੜ੍ਹ ਵੀ ਲਏ । ਕਿਉਂਕਿ ਸੂਰਤ ਫ਼ਾਤਿਹਾ ਦਾ ਪੜ੍ਹਨਾ ਜ਼ਰੂਰੀ ਹੈ ਕਿਉਂਕਿ ਉਹ 'ਉਮੁੱਲ ਕਿਤਾਬ' ਹੈ । ਪਰ ਜੋ ਵਿਅਕਤੀ ਅਪਣਾ ਜਤਨ ਕਰਨ ਦੇ ਬਾਦ ਵੀ ਜੋ ਉਹ ਨਮਾਜ਼ ਜਮਾਤ ਵਿੱਚ ਸ਼ਾਮਲ ਹੋਣ ਲਈ ਕਰਦਾ ਹੈ, ਅਖ਼ੀਰ ਰੁਕੂਅ ਵਿੱਚ ਆਣ ਮਿਲਦਾ ਹੈ ਅਤੇ ਉਸ ਤੋਂ ਪਹਿਲਾਂ ਨਹੀਂ ਮਿਲ ਸਕਿਆ

ਤਾਂ ਉਸ ਦੀ ਰਕਅਤ ਹੋ ਗਈ । ਹਾਂ, ਜੋ ਵਿਅਕਤੀ ਜਾਣਬੁਝ ਕੇ ਸੁਸਤੀ ਕਰਦਾ ਹੈ ਅਤੇ ਨਮਾਜ ਵਿੱਚ ਸ਼ਾਮਲ ਹੋਣ ਵਿੱਚ ਦੇਰੀ ਕਰਦਾ ਹੈ ਤਾਂ ਉਸ ਦੀ ਨਮਾਜ਼ ਖ਼ਰਾਬ ਹੈ ।

ਇਕ ਵਿਅਕਤੀ ਨੇ ਪ੍ਰਸ਼ਨ ਕੀਤਾ ਕਿ ਜੋ ਵਿਅਕਤੀ ਨਮਾਜ਼ ਵਿੱਚ ਅਲਹਮਦ ਸ਼ਰੀਫ਼ ਇਮਾਮ ਦੇ ਪਿੱਛੇ ਨ ਪੜ੍ਹੇ ਤਾਂ ਉਸ ਦੀ ਨਮਾਜ਼ ਹੁੰਦੀ ਹੈ ਜਾਂ ਨਹੀਂ । ਹਜ਼ਰਤ ਅਕਦਸ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਪ੍ਰਸ਼ਨ ਹੀ ਨਹੀਂ ਕਰਨਾ ਚਾਹੀਦਾ ਕਿ ਨਮਾਜ਼ ਹੁੰਦੀ ਹੈ ਜਾਂ ਨਹੀਂ, ਇਹ ਪ੍ਰਸ਼ਨ ਕਰਨਾ ਚਾਹੀਦਾ ਹੈ ਕਿ ਨਮਾਜ਼ ਵਿੱਚ 'ਅਲਹਮਦ' ਇਮਾਮ ਦੇ ਪਿੱਛੇ ਪੜ੍ਹਨਾ ਚਾਹੀਦਾ ਹੈ ਜਾਂ ਨਹੀਂ । ਅਸੀਂ ਕਹਿੰਦੇ ਹਾਂ ਕਿ ਜ਼ਰੂਰ ਪੜ੍ਹਨਾ ਚਾਹੀਦਾ ਹੈ । ਨਮਾਜ਼ ਹੋਣੀ ਜਾਂ ਨ ਹੋਣੀ ਇਹ ਤਾਂ ਰੱਬ ਨੂੰ ਪਤਾ ਹੈ । ਹਨਫ਼ੀ ਨਹੀਂ ਪੜ੍ਹਦੇ ਅਤੇ ਹਜ਼ਾਰਾਂ ਹੀ ਓਲੀਆ ਹਨਫ਼ੀ ਤਰੀਕੇ ਦੇ ਪਾਬੰਦ ਸਨ ਅਤੇ ਖ਼ਲਫ਼ੇ ਇਮਾਮ 'ਅਲਹਮਦ' ਨਹੀਂ ਪੜ੍ਹਦੇ ਸਨ । ਜੇਕਰ ਉਹਨਾਂ ਦੀ ਨਮਾਜ਼ ਨ ਹੁੰਦੀ ਤਾਂ ਉਹ ਓਲੀਆ ਕਿਵੇਂ ਹੋ ਗਏ ? ਕਿਉਂਕਿ ਸਾਨੂੰ ਸਮੇਂ ਦੇ ਮਹਾਨ ਇਮਾਮ ਨਾਲ ਇਕ ਪ੍ਰਕਾਰ ਦੀ ਤੁਲਨਾ ਹੈ ਅਤੇ ਸਾਨੂੰ 'ਇਮਾਮੇ ਆਜ਼ਮ' ਦਾ ਬਹੁਤ ਸਨਮਾਨ ਹੈ ਅਸੀਂ ਇਹ ਫ਼ਤਵਾ ਨਹੀਂ ਦੇ ਸਕਦੇ ਕਿ ਨਮਾਜ਼ ਨਹੀਂ ਹੁੰਦੀ । ਉਸ ਜੁੱਗ ਵਿੱਚ ਸਾਰੀਆਂ ਹਦੀਸਾਂ ਸੰਪਾਦਤ ਤੇ ਸੋਧ ਨਹੀਂ ਹੋਈਆਂ ਸਨ ਅਤੇ ਇਹ ਭੇਦ ਜੋ ਕਿ ਹੁਣ ਖੁੱਲਿਆ ਹੈ ਪਹਿਲਾਂ ਨਹੀਂ ਖੁੱਲਿਆ ਸੀ ਇਸ ਲਈ ਅਯੋਗ ਸਨ ਅਤੇ ਹੁਣ ਇਹ ਮਸਲਾ ਹਲ ਹੋ ਗਿਆ ਹੈ, ਹੁਣ ਜੇਕਰ ਕੋਈ ਨਹੀਂ ਪੜ੍ਹੇਗਾ ਤਾਂ ਬੇਸ਼ਕ ਉਸ ਦੀ ਨਮਾਜ਼ ਪਰਵਾਨਗੀ ਦੇ ਦਰਜੇ ਨੂੰ ਨਹੀਂ ਪਹੁੰਚੇਗੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਕਈ ਵਾਰ ਜਮਾ ਹੁੰਦੀਆਂ ਹਨ ਜ਼ੁਹਰ ਤੇ ਅਸਰ ਦੀ ਜਾਂ ਮਗ਼ਰਿਬ ਤੇ ਇਸ਼ਾਅ ਦੀ । ਬਾਦ ਵਿੱਚ ਆਉਣ ਵਾਲਿਆਂ ਨੂੰ ਸਹੀ ਪਤਾ ਨਹੀਂ ਹੁੰਦਾ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂ ਆਪ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਸੁਣਿਆ ਹੈ ਕਿ ਜੇਕਰ ਇਮਾਮ ਅਸਰ ਦੀ ਨਮਾਜ਼ ਪੜ੍ਹਾ ਰਿਹਾ ਹੋਵੇ ਅਤੇ ਇਸ ਅਜਿਹਾ ਵਿਅਕਤੀ ਮਸਜਿਦ ਵਿੱਚ ਆ ਜਾਵੇ ਜਿਸ ਨੇ ਅਜੇ ਜ਼ੁਹਰ ਦੀ ਨਮਾਜ਼ ਪੜ੍ਹਨੀ ਹੋਵੇ ਜਾਂ ਇਸ਼ਾਅ ਦੀ ਨਮਾਜ਼ ਹੋ ਰਹੀ ਹੋਵੇ ਅਤੇ ਇਕ ਅਜਿਹਾ ਵਿਅਕਤੀ ਮਸਜਿਦ ਵਿੱਚ ਆ ਜਾਵੇ ਜਿਸ ਨੇ ਅਜੇ ਮਗ਼ਰਿਬ ਦੀ ਨਮਾਜ਼ ਪੜ੍ਹਨੀ ਹੋਵੇ, ਉਸ ਨੂੰ ਚਾਹੀਦਾ ਹੈ ਕਿ ਪਹਿਲਾਂ ਜ਼ੁਹਰ ਦੀ ਨਮਾਜ਼ ਵਖੱਰੀ ਪੜ੍ਹੇ ਅਤੇ ਫਿਰ ਇਮਾਮ ਦੇ ਨਾਲ ਸ਼ਾਮਲ ਹੋਵੇ ਜਾਂ ਮਗ਼ਰਿਬ ਦੀ ਨਮਾਜ਼ ਪਹਿਲਾਂ ਵਖੱਰੀ ਪੜ੍ਹੇ ਫਿਰ ਇਮਾਮ ਦੇ ਨਾਲ ਸ਼ਾਮਲ ਹੋਵੇ ।

ਨਮਾਜ਼ਾਂ ਦੇ ਜਮਾ ਹੋਣ ਦੀ ਅਵਸਥਾ ਵਿੱਚ ਜੇਕਰ ਕੋਈ ਵਿਅਕਤੀ ਬਾਦ ਵਿੱਚ ਆਉਂਦਾ ਹੈ ਜੱਦ ਕਿ ਨਮਾਜ਼ ਹੋ ਰਹੀ ਹੈ ਤਾਂ ਉਸ ਬਾਰੇ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਹੋ ਫ਼ਤਵਾ ਹੈ ਕਿ ਜੇਕਰ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਇਮਾਮ ਅਸਰ ਦੀ ਨਮਾਜ਼ ਪੜ੍ਹ ਰਿਹਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਪਹਿਲਾਂ ਜ਼ੁਹਰ ਦੀ ਨਮਾਜ਼ ਵਖੱਰੀ ਪੜ੍ਹੇ ਅਤੇ ਫਿਰ ਇਮਾਮ ਦੇ ਨਾਲ ਸ਼ਾਮਲ ਹੋਵੇ । ਇਸੇ ਪ੍ਰਕਾਰ ਜੇਕਰ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਇਮਾਮ ਇਸ਼ਾਅ ਦੀ ਨਮਾਜ਼ ਪੜ੍ਹਾ ਰਿਹਾ ਹੈ ਤਾਂ ਪਹਿਲਾਂ ਮਗ਼ਰਿਬ ਦੀ ਨਮਾਜ਼ ਵਖੱਰੀ ਪੜ੍ਹੇ ਅਤੇ ਫਿਰ ਇਮਾਮ ਦੇ ਨਾਲ ਸ਼ਾਮਲ ਹੋਵੇ । ਪਰ ਜੇਕਰ ਉਸ ਨੂੰ ਪਤਾ ਨ ਗੱਲ ਸਕੇ ਕਿ ਇਹ ਕਿਹੜੀ ਨਮਾਜ਼ ਹੈ ਤਾਂ ਉਹ ਜਮਾਤ ਨਾਲ ਸ਼ਾਮਲ ਹੋ ਜਾਵੇ । ਅਜਿਹੀ ਅਵਸਥਾ ਵਿੱਚ ਜੋ ਇਮਾਮ ਦੀ ਨਮਾਜ਼ਜ ਹੋਵੇਗੀ ਉਹੋ ਨਮਾਜ਼ ਉਸਦੀ ਹੋ ਜਾਵੇਗੀ ਬਾਦ ਵਿੱਚ ਆਪਣੀ ਪਹਿਲੀ ਰਹਿੰਦੀ ਨਮਾਜ਼ ਪੜ੍ਹ ਲਏ । ਉਧਾਰਣ ਲਈ ਇਸ਼ਾ ਦੀ ਨਮਾਜ਼ ਹੋ ਰਹੀ ਹੈ ਅਤੇ ਇਕ ਵਿਅਕਤੀ ਅਜਿਹਾ ਆਉਂਦਾ ਹੈ ਜਿਸ ਨੇ ਅਜੇ ਮਗ਼ਰਿਬ ਦੀ ਨਮਾਜ਼ ਪੜ੍ਹਨੀ ਹੈ ਤਾਂ ਜੇਕਰ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਇਸ਼ਾਅ ਦੀ ਨਮਾਜ਼ ਹੈ ਤਾਂ ਉਹ ਮਗ਼ਰਿਬ ਦੀ ਨਮਾਜ਼ ਵਖੱਰੀ ਪੜ੍ਹੇ ਫਿਰ ਇਮਾਮ ਨਾਲ ਸ਼ਾਮਲ ਹੋਵੇ ਪਰ ਜੇਕਰ ਉਸਨੂੰ ਪਤਾ ਨ ਲੱਗ ਸਕੇ ਕਿ ਇਹ ਕਿਹੜੀ ਨਮਾਜ਼ ਹੋ ਰਹੀ ਹੈ ਤਾਂ ਉਹ ਇਮਾਮ ਦੇ ਨਾਲ ਸ਼ਾਮਲ ਹੋ ਜਾਵੇ । ਅਜਿਹੀ

ਅਵਸਥਾ ਵਿੱਚ ਉਸ ਦੀ ਇਸ਼ਾਅ ਦੀ ਨਮਾਜ਼ ਹੋ ਜਾਵੇਗੀ ਮਗ਼ਰਿਬ ਦੀ ਨਮਾਜ਼ ਉਹ ਬਾਦ ਵਿੱਚ ਪੜ੍ਹ ਲਏ । ਇਹ ਅਵਸਥਾ ਅਸਰ ਦੀ ਨਮਾਜ਼ ਬਾਰੇ ਵੀ ਹੈ ।

ਸ਼ੇਖ਼ ਯਾਕੂਬ ਅਲੀ ਸਾਹਬ ਇਰਫ਼ਾਨੀ ਲਿਖੱਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਅਰੰਭ ਤੋਂ ਹੀ ਇਹ ਤਰੀਕਾ ਸੀ ਕਿ ਆਪ ਸੁਨੱਤਾਂ ਤੇ ਨਫ਼ਲ ਘਰ ਵਿੱਚ ਪੜ੍ਹਿਆ ਕਰਦੇ ਸਨ ਅਤੇ ਫ਼ਰਜ਼ ਨਮਾਜ਼ ਜਮਾਤ ਨਾਲ ਮਸਜਿਦ ਵਿੱਚ ਪੜ੍ਹਿਆ ਕਰਦੇ ਸਨ । ਇਹ ਨੀਯਮ ਆਪਦਾ ਅਖ਼ੀਰ ਸਮੇਂ ਤੱਕ ਰਿਹਾ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਨੇ ਇਕ ਵਾਰ ਕੁਰਆਨ ਕਰੀਮ ਦੇ ਦਰਸ ਵਿੱਚ ਫ਼ਾਰਮਾਇਆ ਕਿ ਹਜ਼ਰਤ ਮਸਹ ਮੌਊਦ ਅਲੈਹਿ ਸਲਾਮ ਦੀ ਇਹ ਆਦਤ ਸੀ ਕਿ ਆਪ ਫ਼ਰਜ਼ ਨਮਾਜ਼ ਪੜ੍ਹਨ ਦੇ ਬਾਦ ਝੱਟ ਘਰ ਚਲੇ ਜਾਂਦੇ ਸਨ ਅਤੇ ਅਜਿਹਾ ਹੀ ਅਧਿਕਤਰ ਮੈਂ ਕਰਦਾ ਹਾਂ । ਇਸ ਨਾਲ ਕੁਝ ਅਨਜਾਨ ਬੱਚਿਆਂ ਨੂੰ ਵੀ ਸੰਭਵਤਾ ਇਹ ਆਦਤ ਪੈ ਗਈ ਹੈ ਕਿ ਉਹ ਫ਼ਰਜ਼ ਨਮਾਜ਼ ਦੇ ਬਾਦ ਝੱਟ ਹੀ ਮਸਜਿਦ ਤੋਂ ਬਾਹਰ ਚਲੇ ਜਾਂਦੇ ਹਨ ਅਤੇ ਸਾਡਾ ਵਿਚਾਰ ਹੈ ਕਿ ਉਹ ਸੁਨੱਤਾਂ ਦੀ ਅਦਾਇਗੀ ਤੋਂ ਵਾਂਜੇ ਰਹਿ ਜਾਂਦੇ ਹਨ । ਉਹਨਾਂ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਹਜ਼ਰਤ ਸਾਹਬ ਅਲੈਹਿ ਸਲਾਮ ਅੰਦਰ ਜਾਕੇ ਸਭ ਤੋਂ ਪਹਿਲਾਂ ਸੁਨੱਤਾਂ ਪੜ੍ਹਿਆ ਕਰਦੇ ਸਨ, ਅਜਿਹਾ ਹੀ ਮੈਂ ਵੀ ਕਰਦਾ ਹਾਂ ।

ਇਸ ਬਾਰੇ ਪ੍ਰਸ਼ਨ ਹੋਇਆ ਕਿ ਇਮਾਮਤ ਨੂੰ ਪੇਸ਼ੇ ਵਾਂਗ ਅਪਨਾਉਂਣਾ ਚਾਹੀਦਾ ਹੈ ਕਿ ਨਹੀਂ ? ਫ਼ਰਮਾਇਆ, ਜਿੰਨ੍ਹਾ ਨੇ ਇਮਾਮਤ ਨੂੰ ਇਕ ਪੇਸ਼ੇ ਵਾਂਗ ਅਪਣਾਇਆ ਹੈ ਉਹ ਪੰਜ ਵੇਲੇ ਦੀਆਂ ਨਮਾਜ਼ਾਂ ਨਹੀਂ ਪੜ੍ਹਦੇ ਸਗੋਂ ਇਕ ਦੁਕਾਨ ਹੈ ਕਿ ਇਹਨਾਂ ਸਮਿਆਂ ਵਿੱਚ ਜਾਕੇ ਖੋਲਦੇ ਹਨ ਅਤੇ ਉਸੇ ਦੁਕਾਨ ਉਪੱਰ ਉਹਨਾਂ ਦਾ ਘਰ ਬਾਰ ਚਲਦਾ ਹੈ । ਸੋ, ਇਹ ਇਮਾਮਤ ਨਹੀਂ ਇਹ ਤਾਂ ਹਰਾਮਖ਼ੋਰੀ ਦਾ ਇਕ ਮਕਰੂਹ ਤਰੀਕਾ ਹੈ । ਫ਼ਰਮਾਇਆ : ਮੇਰੇ ਅਨੁਸਾਰ ਜੋ ਲੋਕ ਪੇਸ਼ ਦੇ ਤੌਰ'ਤੇ ਨਮਾਜ਼ ਪੜ੍ਹਾਉਂਦੇ ਹਨ ਉਹਨਾਂ ਦੇ ਪਿੱਛੇ ਨਮਾਜ਼ ਠੀਕ ਨਹੀਂ ਉਹ ਆਪਣੀ ਜੁਮਏਰਾਤ ਦੀਆਂ ਰੋਟੀਆਂ ਜਾਂ ਤਨਖ਼ਵਾਹ ਦੇ ਵਿਚਾਰ ਨਾਲ ਨਮਾਜ਼ ਪੜ੍ਹਾਉਂਦੇ ਹਨ । ਜੇਕਰ ਨ ਮਿਲੇ ਤਾਂ ਛੱਡ ਦੇਣ ।

ਫਿਰ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕਾਫ਼ਰ ਕਹਿਣ ਵਾਲੇ ਹਨ ਉਹਨਾਂ ਪਿੱਛੇ ਨਮਾਜ਼ ਪੜ੍ਹਨ ਬਾਰੇ ਫ਼ਰਮਾਇਆ ਕਿ ਇਨਕਾਰ ਕਰਨ ਵਾਲੇ ਅਤੇ ਝੂਠ ਦਾ ਮਾਰਗ ਅਪਨਾਉਣ ਵਾਲੇ ਤਬਾਹ ਹੋਈ ਕੌਮ ਹਨ ਇਸ ਲਈ ਉਹ ਇਸ ਯੋਗ ਨਹੀਂ ਹਨ ਕਿ ਮੇਰੀ ਜਮਾਤ ਵਿੱਚੋਂ ਕੋਈ ਮਨੁੱਖ ਉਹਨਾਂ ਦੇ ਪਿੱਛੇ ਨਮਾਜ਼ ਪੜ੍ਹੇ । ਕੀ ਜੀਉਂਦਾ ਮੁਰਦੇ ਪਿੱਛੇ ਨਮਾਜ਼ ਪੜ੍ਹ ਸਕਦਾ ਹੈ ।

ਸੋ, ਚੇਤੇ ਰੱਖੋ ਕਿ ਜਿਵੇਂ ਰੱਬ ਨੇ ਮੈਂਨੂੰ ਖ਼ਬਰ ਦਿੱਤੀ ਹੈ ਤੁਹਾਡੇ'ਤੇ ਹਰਾਮ ਹੈ ਅਤੇ ਪੂਰਨਤਾ ਹਰਾਮ ਹੈ ਕਿ ਕਿਸੇ ਇਨਕਾਰੀ ਤੇ ਝੂਠੇ ਜਾਂ ਫਿਰ ਜਾਣ ਵਾਲੇ ਦੇ ਪਿੱਛੇ ਨਮਾਜ਼ ਪੜ੍ਹੋ ਸਗੋਂ ਚਾਹੀਦਾ ਹੈ ਕਿ ਤੁਹਾਡਾ ਉਹੋ ਇਮਾਮ ਹੋਵੇ ਜੋ ਤੁਹਾਡੇ ਵਿੱਚੋਂ ਹੋਵੇ । ਉਸੇ ਵੱਲ ਬੁਖ਼ਾਰੀ ਸ਼ਰੀਫ਼ ਦੀ ਇਕ ਹਦੀਸ ਵਿੱਚ ਸੰਕੇਤ ਹੈ ਕਿ 'ਇਮਾਮੁਕੁਮ ਮਿਨਕੁਮ'

ਦੋ ਵਿਅਕਤੀਆਂ ਨੇ ਬੈਅਤ ਕੀਤੀ । ਇਕ ਨੇ ਪ੍ਰਸ਼ਨ ਕੀਤਾ ਕਿ ਗ਼ੈਰ ਅਹਮਦੀ ਦੇ ਪਿੱਛੇ ਨਮਾਜ਼ ਜਾਇਜ਼ ਹੈ ਜਾਂ ਨਹੀਂ । ਫ਼ਰਮਾਇਆ ਕਿ ਉਹ ਲੋਕ ਸਾਨੂੰ ਕਾਫ਼ਰ ਕਹਿੰਦੇ ਹਨ ਜੇਕਰ ਅਸੀਂ ਕਾਫ਼ਰ ਨਹੀਂ ਤਾਂ ਉਹ ਕੁਫ਼ਰ ਪਰਤ ਕੇ ਓਹਨਾਂ'ਤੇ ਪੈਂਦਾ ਹੈ ਮੁਸਲਮਾਨ ਨੂੰ ਕਾਫ਼ਰ ਕਾਹਿਣ ਵਾਲਾ ਆਪ ਕਾਫ਼ਰ ਹੈ ਇਸ ਲਈ ਅਜਿਹੇ ਲੋਕਾਂ ਪਿੱਛੇ ਨਮਾਜ਼ ਜਾਇਜ਼ ਨਹੀਂ । ਫ਼ਰਮਾਇਆ ਜੋ ਚੁੱਪ ਹਨ ਜੋ ਕੁਝ ਨਹੀਂ ਕਹਿੰਦੇ ਉਹ ਵੀ ਉਹਨਾਂ ਵਿੱਚ ਸ਼ਾਮਲ ਹਨ ਉਹਨਾਂ ਦੇ ਪਿੱਛੇ ਵੀ ਨਮਾਜ਼ ਜਾਇਜ਼ ਨਹੀਂ ਕਿਉਂਕਿ ਉਹ ਆਪਣੇ ਮਨ ਵਿੱਚ ਕੋਈ ਧਾਰਮਕ ਵਿਰੋਧਤਾ ਰਖੱਦੇ ਹਨ ਜੋ ਸਾਡੇ ਨਾਲ ਨਹੀਂ ਰਲਦੇ । ਤੁਸੀਂ ਜੇਕਰ ਉਹਨਾਂ ਵਿੱਚ ਰਲੇਮਿਲੇ ਰਹੇ ਤਾਂ ਰੱਬ ਜੋ ਵਿਸ਼ੇਸ਼ ਨਜ਼ਰ ਤੁਹਾਡੇ'ਤੇ ਰਖੱਦਾ ਹੈ ਉਹ ਨਹੀਂ ਰੱਖੇਗਾ । ਪਵਿਤੱਰ ਜਮਾਤ ਜੱਦ ਵੱਖਰੀ ਹੋਵੇ ਤਾਂ ਫ਼ਿਰ ਉਸ ਦੀ ਤਰੱਕੀ ਹੁੰਦੀ ਹੈ । ਅਲੱਾਹ ਤਆਲਾ ਖ਼ਾਲਸ ਹੋਕੇ ਇਸ ਜਮਾਤ ਦਾ ਵਿਅਕਤੀ ਬਣਨ ਦੀ ਤੌਫ਼ੀਕ ਪ੍ਰਦਾਨ ਕਰੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਥੋਂ ਚਾਹੁੰਦੇ ਹਨ ।

ਜੁਮਏ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫਰਮਾਇਆ : ਅਲਜਜ਼ਾਇਰ ਦੇ ਅਹਮਦੀਆਂ ਲਈ ਦੁਆ ਲਈ ਆਖਣਾ ਚਾਹੁੰਦਾ ਹਾਂ । ਨਵੀਂ ਜਮਾਤ ਹੈ ਬਹੁਤੇ ਉਹਨਾਂ ਵਿੱਚ ਨਵੇਂ ਅਹਮਦੀ ਹਨ ਪਰ ਬਹੁਤ ਪੱਕੇ ਇਮਾਨ ਵਾਲੇ ਹਨ ਅੱਜ ਕੱਲ ਸਰਕਾਰ ਵੱਲੋਂ ਬਹੁਤ ਸਖ਼ਤੀ ਹੋ ਰਹੀ ਹੈ । ਅਕਾਰਣ ਹੀ ਮੁਕਦੱਮੇ ਬਣਾਏ ਜਾ ਰਹੇ ਹਨ ਕਈਆਂ ਨੂੰ ਜੇਲ ਭੇਜ ਦਿਤੱਾ ਗਿਆ ਹੈ । ਆਰੋਪ ਇਹ ਹੈ ਕਿ ਇਹ ਵੀ ਉਸੇ ਪ੍ਰਕਾਰ ਹੈ ਜਿਵੇ ਦਾਇਸ਼ ਹੈ ਨਾਊਜ਼ਬਿਲੱਾਹ । ਜੱਜ ਹਨ ਉਹ ਅਨਿਆਏ ਕਰ ਰਹੇ ਹਨ ਸਗੋਂ ਅਤਿ ਕੀਤੀ ਹੋਈ ਹੈ ਕਿ । ਇਕ ਅਹਮਦੀ ਨੂੰ ਜੱਜ ਨੇ ਕਿਹਾ ਕਿ ਜੇਕਰ ਤੁਸੀਂ ਅਹਮਦੀ ਹੋਣ ਤੋਂ ਇਨਕਾਰ ਕਰ ਦਿਓ ਤਾਂ ਮੈਂ ਤੁਹਾਨੂੰ ਹੁਣੇ ਹੀ ਛੱਡ ਦਿੰਦਾ ਹੈ ਪਰ ਉਸ ਨੇ ਕਿਹਾ ਕਿ ਮੈਂ ਮਰ ਜਾਵਾਂਗਾ ਪਰ ਅਹਮਦੀਅਤ ਨਹੀਂ ਛਡੱਾਂਗਾ, ਆਪਣੇ ਇਮਾਨ ਨੂੰ ਨਹੀਂ ਛਡੱਾਂਗਾ ਕਿਉਂਕਿ ਇਹੋ ਸਹੀ ਇਸਲਾਮ ਹੈ ਜੋ ਮੈਂਨੂੰ ਹੁਣ ਪਤਾ ਲਗੱਾ ਹੈ ਇਸ'ਤੇ ਜੱਜ ਨੇ ਕਿਹਾ ਕਿ ਚੰਗਾ ਹੁਣ ਤੁਸੀਂ ਇਹ ਕਿਹਾ ਹੈ ਤਾਂ ਮੈਂ ਤੁਹਾਨੂੰ ਸਾਰੀ ਉਮਰ ਜੇਲ ਵਿੱਚ ਰਖੱਾਂਗਾ ਅਤੇ ਤੁਸੀਂ ਜੇਲ ਵਿੱਚ ਹੀ ਮਰੋਗੇ । ਉਸ ਨੇ ਕਿਹਾ ਠੀਕ ਹੈ ਜੋ ਆਪ ਨੇ ਕਰਨਾ ਹੈ ਕਰੋ । ਇਹ ਹਾਲਾਤ ਹਨ ਓਥੇ ਦੇ ਅੱਜ ਕੱਲ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਅਹਮਦੀਆਂ ਲਈ ਆਸਾਨੀਆਂ ਪੈਦਾ ਕਰੇ ਓਥੇ ਅਤੇ ਉਹਨਾਂ ਨੂੰ ਸਾਬਤ ਕਦਮ ਰਹਿਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਵਿਰੋਧੀਆਂ ਅਤੇ ਇਸਲਾਮ ਦੇ ਦੁਸ਼ਮਣ ਜੋ ਹਨ ਅਹਮਦੀਅਤ ਦੇ ਜੋ ਦੁਸ਼ਮਣ ਹਨ ਜੋ ਇਹ ਹਰਕਤਾਂ ਕਰ ਰਹੇ ਹਨ । ਰੱਬ ਉਹਨਾਂ ਦੀਆਂ ਸ਼ਰਾਰਤਾਂ ਉਹਨਾਂ'ਤੇ ਪਰਤਾਏ ਅਤੇ ਅਲੱਾਹ ਤਆਲਾ ਹਰ ਅਹਦੀ ਨੂੰ ਉਹਨਾਂ ਦੇ ਜ਼ੁਲਮਾਂ ਤੋਂ ਆਪਣੀ ਸੁਰੱਖਿਆ ਵਿੱਚ ਰੱਖੇ ।

ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

**Khulasa Khutba Jumma 27.01.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131